## ਕਈ ਬਾਲਾਂ ਦੀ ਸੁਣਨ-ਸ਼ਕਤੀ ਦਾ ਜਾਇਜ਼ਾ ਵੀ ਲਿਆ ਜਾਵੇਗਾ

ਭਾਵੇਂ ਕਿ ਬਹੁਤੇ ਬਾਲ ਸੁਣਨ-ਸ਼ਕਤੀ ਦੀ ਜਾਂਚ ਵਿੱਚ ਸਹੀ ਨਿੱਕਲਦੇ ਹਨ, ਪਰ ਕਈ ਬਾਲ਼ਾਂ ਦਾ ਨਤੀਜਾ "ਹਵਾਲਗੀ" ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਬਾਲ਼ ਦੀ ਸੁਣਨ-ਸ਼ਕਤੀ ਦਾ ਜਾਇਜ਼ਾ ਲੈਣਾ ਪਵੇਗਾ। ਸੁਣਨ-ਸ਼ਕਤੀ ਦਾ ਜਾਇਜ਼ਾ ਕਿਸੇ ਆਡੀਆਲੋਜਿਸਟ ਵੱਲੋਂ ਲਿਆ ਜਾਂਦਾ ਹੈ ਜੋ ਬਾਲ਼ਾਂ ਦੀ ਸੁਣਨ-ਸ਼ਕਤੀ ਪਰਖਣ ਦਾ ਮਾਹਿਰ ਹੁੰਦਾ ਹੈ। ਤੁਹਾਡੀ ਐਪੁਆਇੰਟਮੈਂਟ ਤੁਹਾਡਾ ਇਨਫੈਂਟ ਹੀਅਰਿੰਗ ਪ੍ਰੋਗਰਾਮ ਬਣਾ ਕੇ ਦਿੰਦਾ ਹੈ।

ਬਹੁਤੇ ਬਾਲ਼ ਜਿਨ੍ਹਾਂ ਨੂੰ ਨਤੀਜਾ ਹਵਾਲਗੀ ਵਿੱਚ ਮਿਲਦਾ ਹੈ, ਉਨ੍ਹਾਂ ਦੀ ਸੁਣਨ-ਸ਼ਕਤੀ ਬਿਲਕੁਲ ਸਹੀ ਹੁੰਦੀ ਹੈ। ਹਵਾਲਗੀ ਮਿਲਣ ਦੀ ਵਜ੍ਹਾ ਬਹੁਤੀ ਵਾਰੀ ਕਨੂਲ਼ੀ ਵਿੱਚ ਮੈਲ਼ ਜਾਂ ਜਾਂਚ ਦੌਰਾਨ ਬੇਵਜ੍ਹਾ ਹਿੱਲ-ਜੁੱਲ ਹੋ ਜਾਣਾ ਹੋ ਸਕਦਾ ਹੈ। ਪਰ, ਜੇ ਤੁਹਾਡੇ ਬਾਲ਼ ਨੂੰ ਸੁਣਨ ਵਿੱਚ ਕੋਈ ਮੁਸ਼ਕਲ ਹੋਵੇ ਹੀ, ਤੁਹਾਡਾ ਆਡੀਆਲੋਜਿਸਟ ਤੁਹਾਨੂੰ ਉਨ੍ਹਾਂ ਸੇਵਾਵਾਂ ਜਾਂ ਹਿਮਾਇਤੀ ਸੇਵਾਵਾਂ ਵੱਲ ਭੇਜ ਸਕਦਾ ਹੈ ਜੋ ਤੁਹਾਡੀ ਅਤੇ ਤੁਹਾਡੇ ਬਾਲ਼ ਦੀ ਮਦਦ ਲਈ ਮੌਜੂਦ ਹੋਣ।



## ਰੀਜਨਲ ਇਨਫ਼ੈਂਟ ਹੀਅਰਿੰਗ ਪ੍ਰੋਗਰਾਮ

### ਓਨਟੇਰੀਓ ਦਾ ਇਨਫ਼ੈਂਟ ਹੀਅਰਿੰਗ ਪ੍ਰੋਗਰਾਮ ਹੇਠ ਲਿਖੇ ਖੇਤਰੀ ਦਫ਼ਤਰਾਂ ਰਾਹੀਂ ਆਪਣੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ:

ਹੈਮਿਲਟਨ-ਵੈਂਟਵਰਥ, ਨਿਆਗਰਾ, ਬਰੈਂਟ ਅਤੇ ਹੈਲਡੀਮੈਂਡ-ਨੌਰਫ਼ੋਕ
"Early Words / Premiers Mots"
905-385-7927 ਐਕਸਟੈਂਸ਼ਨ 227
ਜਾਂ 1-866-826-4327 ਐਕਸਟੈਂਸ਼ਨ 227
www.ascy.ca/ascy_infanthearing.html

ਹਾਲਟਨ, ਪੀਲ, ਵਾਟਰਲੂ ਅਤੇ ਵੈਲਿੰਗਟਨ-ਡਫਰਿਨ
Central West Infant Hearing Program
905-855-3557
ਜਾਂ 1-877-374-6625
TTY 905-855-4925
www.erinoak.org

ਮੈਨੀਟੂਲਿਨ-ਸਡਬਰੀ, ਐਲਗੋਮਾ, ਕੌਕਰੇਨ, ਅਤੇ ਨਿੱਪੀਸਿੰਗ-ਟੈਮਿਸਕਾਮਿੰਗ
"Wordplay / Jeux de Mots"
1-877-522-6655

ਕੈਨੋਰਾ ਰੇਨੀ ਰਿਵਰ
"North Words"
1-877-553-7122
www.northwords.com

ਔਟਵਾ, ਰੈਨਫ਼੍ਰਿਉ ਕਾਉਂਟੀ ਐਂਡ ਡਿਸਟ੍ਰਿਕਟ ਅਤੇ ਈਸਟਰਨ ਓਨਟੇਰੀਓ
"FirstWords"
613-688-3979 ਜਾਂ
1-866-432-7447
TTY 613-820-7427
www.pqhcs.com/firstwords/infant_hearing.htm

ਸਿਮਕੋ ਕਾਊਂਟੀ ਅਤੇ ਮਸਕੋਕਾ-ਪੈਰੀ ਸਾਊਂਡ
Children's Development Services
705-739-5696
ਜਾਂ 1-800-675-1979

ਕਿੰਗਸਟਨ, ਫਰੰਟੀਨੈਕ, ਲੈਨੱਕਸ ਐਂਡ ਐਡਿੰਗਟਨ, ਲੀਡਜ਼, ਗਰੈਨਵਿਲ ਐਂਡ ਲੈਨਾਰਕ, ਅਤੇ ਹੇਸਟਿੰਗਜ਼ ਪ੍ਰਿੰਸ ਐਡਵਰਡ ਕਾਊਂਟੀਜ਼
613-549-1232 ਐਕਸਟੈਂਸ਼ਨ 145
ਜਾਂ 1-800-267-7875 ਐਕਸਟੈਂਸ਼ਨ 145
TTY 613-549-7692
ਜਾਂ 1-866-299-1136
www.healthunit.on.ca

ਮਿਡਲਸੈਕਸ, ਲੰਡਨ, ਆਕਸਫੋਰਡ, ਐਲਗਿਨ-ਸੇਂਟ ਥਾਮਸ, ਸਾਰਨੀਆ-ਲੈਂਬਟਨ, ਹਿਊਰੌਨ-ਪਰਥ, ਅਤੇ ਗ੍ਰੇ-ਬਰੂਸ ਓਵੈਨ ਸਾਊਂਡ
"tykeTALK / Southwest Infant Hearing Program"
519-663-0273
ਜਾਂ 1-877-818-8255
www.tyketalk.com

ਥੰਡਰ-ਬੇ
Thunder Bay District Health Unit
807-625-5922
1-888-294-6630 ਐਕਸਟੈਂਸ਼ਨ 5922
www.tbdhu.com

ਸਿਟੀ ਆਫ਼ ਟੋਰੰਟੋ
Toronto Preschool Speech and Language Services
416-338-8255
TTY 416-338-0025
www.tpsls.on.ca

ਯੌਰਕ ਰੀਜਨ, ਡਰਹਮ, ਹੈਲੀਬਰਟਨ, ਕਾਵਾਰਥਾ ਅਤੇ ਪਾਈਨ-ਰਿੱਜ
"Beyond Words"
1-888-703-5437
TTY 905-773-7282
www.beyond-words.org

ਵਿੰਡਜ਼ਰ-ਐਸੈੱਕਸ ਅਤੇ ਕੈਂਟ-ਚੈਠਮ
"Talk 2 Me"
(519) 252-0636
www.smflc.ca

**ਵਧੇਰੇ ਜਾਣਕਾਰੀ ਲਈ ਸੰਪਕਰ ਕਰੋ:**

ਓਨਟੇਰੀਓ ਸਰਕਾਰ
INFOline: ਟੌਲ-ਫ੍ਰੀ 1-866-821-7770
TTY 1-800-387-5559
www.children.gov.on.ca

Version française disponible en communiquant avec

le 1 866 821-7770
ATS 1 800 387-5559
www.children.gov.on.ca

Catalogue 7710-6135679 PUNJABI
December, 2007 ©Queen's Printer for Ontario





# ਕੀ ਤੁਹਾਡੇ ਬਾਲ ਨੂੰ ਸੁਣਾਈ ਦਿੰਦਾ ਹੈ?

Ontario



## ਇਹ ਪਤਾ ਲਾਉਣਾ ਅਹਿਮ ਹੈ ਕਿ ਕੀ ਤੁਹਾਡੇ ਬੱਚੇ ਨੂੰ ਸੁਣਾਈ ਦਿੰਦਾ ਹੈ ਜਾਂ ਨਹੀਂ

ਕਿਸੇ ਬੱਚੇ ਦੀ ਜ਼ਿੰਦਗੀ ਦੇ ਪਹਿਲੇ ਕੁੱਝ ਮਹੀਨੇ ਉਸ ਦੀ ਬੋਲੀ ਦੇ ਵਿਕਾਸ ਲਈ ਬੜੇ ਅਹਿਮ ਹੁੰਦੇ ਹਨ। ਸੁਣਨ-ਸ਼ਕਤੀ ਵਿੱਚ ਕਮੀ ਦਾ ਪਤਾ ਨਾ ਲੱਗਣਾ ਬੋਲੀ ਦੇ ਵਿਕਾਸ ਵਿੱਚ ਦੇਰੀ ਹੋਣ ਦੇ ਅਨੇਕਾਂ ਕਾਰਣਾਂ ਵਿੱਚੋਂ ਇੱਕ ਹੋ ਸਕਦਾ ਹੈ। ਬੋਲੀ ਦੇ ਵਿਕਾਸ ਵਿੱਚ ਦੇਰੀ ਦੇ ਨਤੀਜੇ ਵਜੋਂ ਵਤੀਰੇ ਦੀਆਂ ਅਤੇ ਜਜ਼ਬਾਤੀ ਮੁਸ਼ਕਲਾਂ ਪੇਸ਼ ਆ ਸਕਦੀਆਂ ਹਨ ਅਤੇ ਬਾਅਦ ਵਿੱਚ ਸਕੂਲ ਵਿਖੇ ਮੁਸ਼ਕਲਾਂ ਆ ਸਕਦੀਆਂ ਹਨ।

ਓਨਟੇਰੀਓ ਵਿੱਚ ਹਰ ਸਾਲ ਹਰ 1,000 ਵਿੱਚੋਂ ਤਕਰੀਬਨ ਤਿੰਨ ਬੱਚੇ ਜਾਂ ਤਾਂ ਬੋਲ਼ੇ, ਜਾਂ ਉੱਚਾ ਸੁਣਨ ਵਾਲੇ ਪੈਦਾ ਹੁੰਦੇ ਹਨ। ਓਨਟੇਰੀਓ ਇਨਫੈਂਟ ਹੀਅਰਿੰਗ ਪ੍ਰੋਗਰਾਮ ਰਾਹੀਂ ਅਜਿਹੇ ਬਾਲਾਂ ਬਾਰੇ ਮੁਢਲੇ ਸਮੇਂ ਵਿੱਚ ਹੀ ਪਤਾ ਲਗਾਇਆ ਜਾ ਸਕਦਾ ਹੈ ਅਤੇ ਬੋਲੀ ਦੇ ਵਿਕਾਸ ਲਈ ਉਨ੍ਹਾਂ ਨੂੰ ਲੋੜੀਂਦੀ ਮਦਦ ਦਿੱਤੀ ਜਾ ਸਕਦੀ ਹੈ।

ਬਹੁਤੇ ਬੋਲ਼ੇ ਅਤੇ ਉੱਚਾ ਸੁਣਨ ਵਾਲੇ ਬਾਲ਼, ਜਿਨ੍ਹਾਂ ਦੇ ਸੁਣਨ-ਸ਼ਕਤੀ ਦੇ ਨੁਕਸਾਂ ਦਾ ਛੇਤੀ ਪਤਾ ਲੱਗ ਜਾਵੇ ਅਤੇ ਜਿਨ੍ਹਾਂ ਨੂੰ ਲੋੜੀਂਦੀ ਮਦਦ ਮਿਲ ਜਾਵੇ, ਉਨ੍ਹਾਂ ਦੇ ਬੋਲੀ ਦਾ ਹੁਨਰ ਵਿਕਸਤ ਕਰਨ ਦੇ ਮੌਕੇ ਸਹੀ ਸੁਣ ਸਕਣ ਵਾਲੇ ਬੱਚਿਆਂ ਦੇ ਬਰਾਬਰ ਹੀ ਹੁੰਦੇ ਹਨ।

## ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਦੀ ਜਾਂਚ ਹੋ ਸਕਦੀ ਹੈ

ਓਨਟੇਰੀਓ ਵਿੱਚ ਪੈਦਾ ਹੋਣ ਵਾਲੇ ਸਾਰੇ ਬਾਲਾਂ ਦੀ ਸੁਣਨ-ਸ਼ਕਤੀ ਦੀ ਜਾਂਚ ਕੀਤੀ ਜਾ ਸਕਦੀ ਹੈ – ਜਾਂ ਤਾਂ ਉਸ ਹਸਪਤਾਲ ਵਿੱਚ ਜਿੱਥੇ ਉਨ੍ਹਾਂ ਦਾ ਜਨਮ ਹੋਇਆ ਹੋਵੇ, ਜਾਂ ਜਾਂਚ ਕਰਨ ਵਾਲੇ ਕਿਸੇ ਕਮਿਊਨਿਟੀ ਕਲੀਨਿਕ ਵਿੱਚ। ਜਾਂਚ ਕਰਨ ਬਦਲੇ ਕੋਈ ਪੈਸਾ ਨਹੀਂ ਲਿਆ ਜਾਂਦਾ। ਇਹ ਬੜੀ ਸਰਲ, ਭਰੋਸੇਮੰਦ ਕਾਰਵਾਈ ਹੁੰਦੀ ਹੈ ਜੋ ਫਟਾਫਟ, ਮੁਕੰਮਲ ਤੌਰ 'ਤੇ ਸੁਰੱਖਿਅਤ ਅਤੇ ਬਾਲ਼ ਨੂੰ ਤਕਲੀਫ਼ ਪਹੁੰਚਾਏ ਬਿਨਾ ਅੰਜਾਮ ਦਿੱਤੀ ਜਾ ਸਕਦੀ ਹੈ।

ਤੁਹਾਡੇ ਬਾਲ਼ ਦੀ ਸੁਣਨ-ਸ਼ਕਤੀ ਦੀ ਜਾਂਚ ਕਰਨ ਲਈ ਵਰਤੀ ਜਾਣ ਵਾਲੀ ਤਕਨਾਲੋਜੀ ਮੁਤਾਬਕ ਬਾਲ਼ ਦੇ ਕੰਨ ਵਿੱਚ ਇੱਕ ਈਅਰਫ਼ੋਨ (ਛੋਟਾ ਜਿਹਾ ਸਪੀਕਰ) ਫਿੱਟ ਕਰ ਦਿੱਤਾ ਜਾਂਦਾ ਹੈ। ਈਅਰਫ਼ੋਨ ਰਾਹੀਂ ਨਰਮ ਜਿਹੀਆਂ ਧੁਨਾਂ ਵਜਾਈਆਂ ਜਾਂਦੀਆਂ ਹਨ ਅਤੇ ਧੁੰਨਾਂ ਪ੍ਰਤੀ ਕੰਨ ਜੋ ਅਸਰ ਵਿਖਾਵੇ, ਉਸ ਅਸਰ ਨੂੰ ਮਾਪ ਕੇ ਦਰਜ ਕਰ ਲਿਆ ਜਾਂਦਾ ਹੈ। ਹੋ ਸਕਦਾ ਹੈ ਕਿ ਸਾਰੀ ਕਾਰਵਾਈ ਦੌਰਾਨ ਤੁਹਾਡਾ ਬਾਲ ਸੁੱਤਾ ਹੀ ਰਹੇ, ਅਤੇ ਤੁਹਾਨੂੰ ਨਤੀਜੇ ਵੀ ਤੁਰੰਤ ਹੀ ਮਿਲ ਜਾਣ।

ਜੇ ਕਿਸੇ ਵਜ੍ਹਾ ਕਾਰਣ ਤੁਹਾਡੇ ਬਾਲ਼ ਦੀ ਸੁਣਨ-ਸ਼ਕਤੀ ਦੀ ਜਾਂਚ ਹਸਪਤਾਲੋਂ ਘਰ ਜਾਣ ਤੋਂ ਪਹਿਲਾਂ ਨਹੀਂ ਕੀਤੀ ਗਈ ਸੀ, ਤਾਂ ਇਸ ਪਰਚੇ ਦੇ ਪਿੱਛੇ ਦਰਜ ਇਨਫੈਂਟ ਹੀਅਰਿੰਗ ਪ੍ਰੋਗਰਾਮ ਨਾਲ ਸੰਪਰਕ ਕਰੋ।

# ਵਿਕਾਸਾਤਮਕ ਮੀਲ-ਪੱਥਰ

ਇਹ ਵਿਕਾਸਾਤਮਕ ਮੀਲ-ਪੱਥਰ ਛੋਟੇ ਬੱਚਿਆਂ ਵੱਲੋਂ ਗੱਲਬਾਤ ਕਰਨਾ ਸਿੱਖਣ ਦੌਰਾਨ ਕੀਤੀ ਤਰੱਕੀ ਦਰਸਾਉਣ ਵਾਲੇ ਹੁਨਰਾਂ ਤੇ ਆਧਾਰਿਤ ਹਨ। ਇੱਥੇ ਕੁੱਝ ਅਜਿਹੇ ਨੁਕਤੇ ਵੀ ਦਿੱਤੇ ਜਾ ਰਹੇ ਹਨ ਕਿ ਬੋਲਣ ਦੀ ਕਾਬਲੀਅਤ ਅਤੇ ਭਾਸ਼ਾ ਦਾ ਹੁਨਰ ਵਿਕਸਤ ਕਰਨ ਵਿੱਚ ਤੁਸੀਂ ਆਪਣੇ ਬੱਚੇ ਦੀ ਮਦਦ ਕਿਵੇਂ ਕਰ ਸਕਦੇ ਹੋ।



## 6 ਮਹੀਨੇ ਤਕ

- ਆਵਾਜ਼ ਪੈਦਾ ਹੋਣ ਦੇ ਵਸੀਲੇ ਵੱਲ ਮੂੰਹ ਮੋੜਦਾ ਹੈ
- ਅਚਾਨਕ, ਉੱਚੀ ਆਵਾਜ਼ ਹੋਣ ਤੇ ਚੌਂਕਦਾ ਹੈ
- ਅਲੱਗ-ਅਲੱਗ ਲੋੜਾਂ – ਮੈਂ ਭੁੱਖਾ ਹਾਂ, ਮੈਂ ਥੱਕ ਗਿਆ ਹਾਂ – ਲਈ ਅਲੱਗ-ਅਲੱਗ ਤਰ੍ਹਾਂ ਰੋਂਦਾ ਹੈ
- ਜਦੋਂ ਤੁਸੀਂ ਬੋਲਦੇ ਹੋ, ਤੁਹਾਡੇ ਮੂੰਹ ਵੱਲ ਵੇਖਦਾ ਹੈ
- ਤੁਹਾਡੀਆਂ ਮੁਸਕਰਾਹਟਾਂ ਅਤੇ ਹਾਸਿਆਂ ਦੇ ਜਵਾਬ ਵਿੱਚ ਮੁਸਕਰਾਉਂਦਾ ਅਤੇ ਹੱਸਦਾ ਹੈ
- ਖੰਘਣ ਅਤੇ ਹੋਰ ਆਵਾਜ਼ਾਂ ਦੀ ਨਕਲ ਕਰਦਾ ਹੈ – *ਖਊਂ-ਖਊਂ, ਹਅਅ, ਬੁਅਅਅ*

## 9 ਮਹੀਨੇ ਤਕ

- ਆਪਣਾ ਨਾਮ ਕਹੇ ਜਾਣ ਦਾ ਜਵਾਬ ਦਿੰਦਾ ਹੈ
- ਟੈਲੀਫ਼ੋਨ ਦੀ ਘੰਟੀ ਵੱਜਣ ਜਾਂ ਦਰਵਾਜੇ ਤੇ ਦਸਤਕ ਹੋਣ ਦਾ ਅਸਰ ਕਰਦਾ ਹੈ
- "ਨਾਂਹ" ਕਹੇ ਜਾਣ ਦਾ ਅਰਥ ਸਮਝਦਾ ਹੈ
- ਇਸ਼ਾਰਾ ਕੀਤੇ ਜਾਣ ਤੇ ਜੋ ਮੰਗੇ, ਮਿਲਦਾ ਹੈ, ਜਿਵੇਂ ਬਾਹਾਂ ਚੁੱਕ ਕੇ ਗੋਦੀ ਚੁੱਕੇ ਜਾਣ ਲਈ ਕਹਿਣਾ
- ਤੁਹਾਡੇ ਨਾਲ ਸਮਾਜਿਕ ਖੇਡਾਂ ਖੇਡਦਾ ਹੈ, ਜਿਵੇਂ ਲੁਕਣ-ਮੀਟੀ
- ਲੋਕਾਂ ਵਿੱਚ ਹੋਣਾ ਪਸੰਦਾ ਕਰਦਾ ਹੈ
- ਤੁਤਲਾਂਦਾ ਅਤੇ ਆਵਾਜ਼ਾਂ ਦੁਹਰਾਉਂਦਾ ਹੈ – *ਬਾਬਾ ਬਾਬਾ, ਦਾਦਾ ਦਾਦਾ*

## 12 ਮਹੀਨੇ ਤਕ

- ਇੱਕ-ਪੜਾਵੀ ਸਾਦੀਆਂ ਹਿਦਾਇਤਾਂ ਦੀ ਪਾਲਨਾ ਕਰਦਾ ਹੈ – "ਬੈਠ ਜਾਉ"
- ਤੁਹਾਡੇ ਵੱਲੋਂ ਇਸ਼ਾਰਾ ਕੀਤੇ ਜਾਣ ਤੇ ਕਮਰੇ ਦੇ ਦੂਜੇ ਪਾਸੇ ਵੱਲ ਵੇਖਦਾ ਹੈ
- ਇਕਸਾਰਤਾ ਨਾਲ ਤਿੰਨ ਤੋਂ ਪੰਜ ਲਫ਼ਜ਼ ਵਰਤਦਾ ਹੈ
- ਇਸ਼ਾਰਿਆਂ ਨਾਲ ਗੱਲਬਾਤ ਕਰਦਾ ਹੈ – ਹੱਥ ਹਿਲਾ ਕੇ "ਬਾਇ-ਬਾਇ", ਸਿਰ ਫੇਰ ਕੇ "ਨਾਂਹ"
- ਤੁਹਾਡੀਆਂ ਅੱਖਾਂ ਵੱਲ ਵੇਖਦਿਆਂ ਆਵਾਜ਼ਾਂ, ਇਸ਼ਾਰੇ ਅਤੇ ਉਂਗਲਾਂ ਚੁੱਕ ਕੇ ਤੁਹਾਡਾ ਧਿਆਨ ਖਿੱਚਦਾ ਹੈ
- ਤੁਹਾਨੂੰ ਵਿਖਾਉਣ ਲਈ ਖਿਡੌਣੇ ਲਿਆਉਂਦਾ ਹੈ
- ਧਿਆਨ ਅਤੇ ਪ੍ਰਸ਼ੰਸਾ ਲਈ ਕੁੱਝ "ਕਰ ਕੇ ਵਿਖਾਉਂਦਾ" ਹੈ
- ਕਈ ਸਾਰੀਆਂ ਆਵਾਜ਼ਾਂ ਨੂੰ ਇਉਂ ਜੋੜਦਾ ਹੈ ਜਿਵੇਂ ਗੱਲ ਕਰ ਰਿਹਾ ਹੋਵੇ – *ਅਬਾਡਾ ਬਾਛੂਹ ਐਬੀਅ*
- ਤਸਵੀਰਾਂ ਵਾਲੀਆਂ ਸਾਦੀਆਂ ਕਿਤਾਬਾਂ ਵਿੱਚ ਦਿਲਚਸਪੀ ਲੈਂਦਾ ਹੈ

## 18 ਮਹੀਨੇ ਤਕ

- "ਅੰਦਰ ਅਤੇ ਬਾਹਰ", "ਬੰਦ ਅਤੇ ਚੱਲਦਾ" ਦੇ ਸੰਕਲਪ ਸਮਝਦਾ ਹੈ
- ਕਹੇ ਜਾਣ ਤੇ ਸਰੀਰ ਦੇ ਕਈ ਹਿੱਸਿਆਂ ਵੱਲ ਇਸ਼ਾਰਾ ਕਰਦਾ ਹੈ
- ਲਗਾਤਾਰ 20 ਲਫ਼ਜ਼ ਵਰਤਦਾ ਹੈ
- ਸਾਦੇ ਸਵਾਲਾਂ – "ਟੈਡੀ ਕਿੱਥੇ ਐ?", "ਆਹ ਕੀ ਐ?" – ਦਾ ਜਵਾਬ ਲਫ਼ਜ਼ਾਂ ਜਾਂ ਇਸ਼ਾਰਿਆਂ ਨਾਲ ਦਿੰਦਾ ਹੈ
- ਖਿਡੌਣਿਆਂ ਨਾਲ ਝੂਠੀ-ਮੂਠੀ ਦੀ ਕੁੱਝ ਖੇਡ ਖੇਡਦਾ ਹੈ – ਟੈਡੀ ਨੂੰ ਪੀਣ ਨੂੰ ਕੁੱਝ ਦਿੰਦਾ ਹੈ, ਕੌਲੀ ਨੂੰ ਟੋਪੀ ਮੰਨਦਾ ਹੈ
- ਘੱਟੋ-ਘੱਟ ਚਾਰ ਵੱਖੋ-ਵੱਖਰੀਆਂ ਵਿਅੰਜਨਾਤਮਕ ਆਵਾਜ਼ਾਂ ਕੱਢਦਾ ਹੈ – *ਪ, ਬ, ਮ, ਨ, ਡ, ਜ, ਵ, ਹ*
- ਪੜ੍ਹ ਕੇ ਸੁਣਾਏ ਜਾਣ ਤੇ, ਅਤੇ ਤੁਹਾਡੇ ਨਾਲ ਮਿਲ ਕੇ ਸਾਦੀਆਂ ਕਿਤਾਬਾਂ ਵੇਖਣੀਆਂ ਪਸੰਦ ਕਰਦਾ ਹੈ
- ਇੱਕ ਹੀ ਉਂਗਲ ਨਾਲ ਤਸਵੀਰਾਂ ਵੱਲ ਇਸ਼ਾਰਾ ਕਰਦਾ ਹੈ

## 24 ਮਹੀਨੇ ਤਕ

- ਦੋ ਪੜਾਵੀ ਹਿਦਾਇਤਾਂ ਮੰਨਦਾ ਹੈ – "ਜਾਹ ਆਪਣਾ ਟੈਡੀ ਬਿਅਰ ਲੱਭ ਤੇ ਦਾਦੀ ਨੂੰ ਦਿਖਾ"
- 100 ਤੋਂ 150 ਲਫ਼ਜ਼ ਵਰਤਦਾ ਹੈ
- ਘੱਟੋ-ਘੱਟ ਦੋ ਪੜਨਾਂਵ ਵਰਤਦਾ ਹੈ – "ਤੁਸੀ", "ਮੈਂ", "ਮੇਰਾ"
- ਦੋ ਤੋਂ ਚਾਰ ਲਫ਼ਜ਼ਾਂ ਨੂੰ ਛੋਟੇ ਵਾਕੰਸ਼ਾ ਵਿੱਚ ਲਗਾਤਾਰ ਜੋੜਦਾ ਹੈ – "ਡੈਡੀ ਟੋਪੀ", "ਟਰੱਕ ਥੱਲੇ ਗਿਆ"
- ਹੋਰ ਬੱਚਿਆਂ ਨਾਲ ਖ਼ੁਸ਼ ਰਹਿੰਦਾ ਹੈ
- ਹਾਣੀਆਂ ਨੂੰ ਖਿਡੌਣੇ ਦੇਣ ਲੱਗਦਾ ਹੈ ਅਤੇ ਹੋਰ ਬੱਚਿਆਂ ਦੀਆਂ ਹਰਕਤਾਂ ਅਤੇ ਲਫ਼ਜ਼ਾਂ ਦੀ ਨਕਲ ਲਾਉਂਦਾ ਹੈ
- 50 ਤੋਂ 60 ਫ਼ੀ ਸਦੀ ਵਾਰੀ ਉਸ ਦੀਆਂ ਗੱਲਾਂ ਲੋਕਾਂ ਦੀ ਸਮਝ ਵਿੱਚ ਆਉਂਦੀਆਂ ਹਨ
- ਆਰਾਮ ਨਾਲ, ਬਿਨਾ ਕਿਸੇ ਔਖਿਆਈ ਦੇ ਲਫ਼ਜ਼ ਅਤੇ ਆਵਾਜ਼ਾ ਸਿਰਜ ਲੈਂਦਾ ਹੈ
- ਕਿਤਾਬਾਂ ਸਿੱਧੀਆਂ ਫੜਦਾ ਹੈ ਅਤੇ ਪੰਨੇ ਪਲਟਦਾ ਹੈ
- ਜਾਨਵਰਾਂ ਦੀਆਂ ਭਰੀਆਂ ਖੱਲਾਂ ਜਾਂ ਖਿਡੌਣਿਆਂ ਨੂੰ "ਪੜ੍ਹ" ਕੇ ਸੁਣਾਉਂਦਾ ਹੈ
- ਰੰਗਾਂ ਨਾਲ ਝਰੀਟਾਂ ਮਾਰਦਾ ਹੈ

## 30 ਮਹੀਨੇ ਤਕ

- ਆਕਾਰ (ਵੱਡਾ/ਛੋਟਾ), ਅਤੇ ਮਿਕਦਾਰ (ਥੋੜਾ ਜਿਹਾ, ਬਹੁਤ, ਜ਼ਿਆਦਾ) ਦੇ ਸੰਕਲਪ ਨੂੰ ਸਮਝਦਾ ਹੈ
- ਬਾਲਗ਼ਾਂ ਦੀ ਕੁੱਝ ਵਿਆਕਰਣ ਵਰਤਦਾ ਹੈ – "ਦੋ ਕੁੱਕੀਆਂ", "ਪੰਛੀ ਉਡਦੈ", "ਮੈਂ ਛਾਲ ਮਾਰੀ"
- 350 ਤੋਂ ਵੀ ਵਧੇਰੇ ਲਫ਼ਜ਼ ਵਰਤਦਾ ਹੈ
- ਕਾਰਵਾਈ ਵਾਲੇ ਲਫ਼ਜ਼ ਵਰਤਦਾ ਹੈ – ਦੌੜ, ਡੁੱਲ੍ਹ ਗਿਆ, ਡਿੱਗਿਆ
- ਖਿਡੌਣੇ ਅਤੇ ਲਫ਼ਜ਼ ਵਰਤਦਿਆਂ ਦੂਜੇ ਬੱਚਿਆਂ ਨਾਲ ਛੋਟੀ-ਛੋਟੀ ਵਾਰੀ ਲੈਣ ਲੱਗਦਾ ਹੈ
- ਜੇ ਕੋਈ ਹੋਰ ਬੱਚਾ ਸੱਟ ਖਾ ਬੈਠੇ ਜਾਂ ਉਦਾਸ ਲੱਗੇ ਤਾਂ ਫ਼ਿਕਰ ਜਤਾਉਂਦਾ ਹੈ
- ਖੇਡ ਵਿੱਚ ਕਈ ਕਾਰਵਾਈਆਂ ਜੋੜਦਾ ਹੈ – ਗੁੱਡੀ ਨੂੰ ਖਾਣਾ ਖੁਆ ਕੇ ਸੁਆਉਂਦਾ ਹੈ; ਰੇਲ ਗੱਡੀ ਵਿੱਚ ਟੁਕੜੇ ਲੱਦ ਕੇ ਫਿਰ ਰੇਲ ਚਲਾਉਂਦਾ ਹੈ ਅਤੇ ਟੁਕੜੇ ਲਾਹ ਕੇ ਆਉਂਦਾ ਹੈ
- ਬਹੁਤੇ ਲਫ਼ਜ਼ਾਂ ਦੇ ਮੁੱਢ ਵਿੱਚ ਆਵਾਜ਼ ਪਾਉਂਦਾ ਹੈ
- ਦੋ ਜਾਂ ਵਧੇਰੇ ਉਚਾਰ-ਖੰਡਾਂ ਵਾਲੇ ਲਫ਼ਜ਼ ਸਿਰਜਦਾ ਹੈ – "ਬੈ-ਨਾ-ਨਾ", "ਕੰ-ਪਿ-ਊ-ਟਰ", "ਐਂ-ਪਲ"
- ਆਮ ਦਿੱਸਣ ਵਾਲੇ ਚਿੰਨ੍ਹ ਅਤੇ ਸਾਈਨ ਪਛਾਣਦਾ ਹੈ – ਮੈਕਡਾਨਲਡਜ਼ ਦੀਆਂ ਸੁਨਹਿਰੀ ਡਾਟਾਂ, ਸਟਾਪ ਸਾਈਨ
- ਪ੍ਰਚਲਿਤ ਕਹਾਣੀਆਂ ਯਾਦ ਰੱਖਦਾ ਅਤੇ ਸਮਝਦਾ ਹੈ

## ਬੱਚੇ ਪਸੰਦ ਕਰਦੇ ਹਨ ਜਦੋਂ ਤੁਸੀਂ:

- ਉਨ੍ਹਾਂ ਦੇ ਕੱਦ ਬਰਾਬਰ ਆ ਜਾਂਦੇ ਹੋ ਤਾਂ ਕਿ ਉਹ ਤੁਹਾਡਾ ਮੂੰਹ ਵੇਖ ਸਕਣ। ਇਸ ਨਾਲ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਤੁਸੀਂ ਉਨ੍ਹਾਂ ਦੇ ਕੰਮਾਂ ਅਤੇ ਗੱਲਾਂ ਵਿੱਚ ਦਿਲਚਸਪੀ ਲੈਂਦੇ ਹੋ। ਇਸ ਨਾਲ ਉਨ੍ਹਾਂ ਲਈ ਤੁਹਾਡੇ ਨਾਲ ਗੱਲ ਕਰਨੀ ਸੌਖੀ ਹੋ ਜਾਂਦੀ ਹੈ।
- ਉਨ੍ਹਾਂ ਵੱਲੋਂ ਪੈਦਾ ਕੀਤੀਆਂ ਆਵਾਜ਼ਾਂ ਦੁਹਰਾਉ। ਬੱਚੇ ਆਵਾਜ਼ਾਂ ਕੱਢਣੀਆਂ ਪਸੰਦ ਕਰਦੇ ਹਨ ਅਤੇ ਜਦੋਂ ਤੁਸੀਂ ਉਨ੍ਹਾਂ ਆਵਾਜ਼ਾਂ ਦੀ ਨਕਲ ਵਾਰ-ਵਾਰ ਕਰਦੇ ਹੋ, ਤਾਂ ਉਸ ਗੱਲ ਨੂੰ ਪਸੰਦ ਕਰਦੇ ਹਨ।
- ਗਾਉ ਅਤੇ ਹੱਸੋ, ਖਾਸ ਕਰ ਕੇ ਜਦੋਂ ਤੁਸੀਂ ਉਨ੍ਹਾਂ ਨੂੰ ਖਾਣਾ ਖੁਆ ਰਹੇ, ਨਹਾ ਰਹੇ ਹੋਵੋਂ, ਅਤੇ ਉਨ੍ਹਾਂ ਦੇ ਕੱਪੜੇ ਬਦਲ ਰਹੇ ਹੋਵੋਂ। ਆਪਣੇ ਬੱਚੇ ਨਾਲ ਆਪਣੇ ਵੱਲੋਂ ਦਿਨ ਭਰ ਕੀਤੀਆਂ ਜਾਣ ਵਾਲੀਆਂ ਅਤੇ ਵੇਖਣ ਵਾਲੀਆਂ ਗੱਲਾਂ ਬਾਰੇ ਗੱਲ ਕਰਨਾ ਯਾਦ ਰੱਖੋ – "ਮੰਮੀ ਆਪਣਾ ਕੋਟ ਪਾ ਰਹੀ ਹੈ", "ਆਹ ਬੜਾ ਵੱਡਾ ਟਰੱਕ ਹੈ"
- ਜਿਹੜੀਆਂ ਚੀਜ਼ਾਂ ਵੱਲ ਉਹ ਵੇਖ ਰਹੇ ਹੋਣ ਜਾਂ ਜਿਨ੍ਹਾਂ ਨਾਲ ਉਹ ਖੇਡ ਰਹੇ ਹੋਣ, ਉਨ੍ਹਾਂ ਨੂੰ ਉਨ੍ਹਾਂ ਦੇ ਨਾਮ ਦੱਸੋ। ਬੱਚੇ ਖੋਜ-ਬੀਨ ਕਰਨਾ ਅਤੇ ਨਵੀਆਂ ਚੀਜ਼ਾਂ ਬਾਰੇ ਸਿੱਖਣਾ ਪਸੰਦ ਕਰਦੇ ਹਨ, ਅਤੇ ਇਹ ਪਤਾ ਲਾਉਣਾ ਪਸੰਦ ਕਰਦੇ ਹਨ ਕਿ ਉਨ੍ਹਾਂ ਵਸਤਾਂ ਦੇ ਨਾਮ ਕੀ ਹਨ।

## ਰਿੜ੍ਹਨ ਵਾਲੇ ਬੱਚੇ ਪਸੰਦ ਕਰਦੇ ਹਨ ਜਦੋਂ ਤੁਸੀਂ :

- ਉਨ੍ਹਾਂ ਨੂੰ ਕਿਤਾਬਾਂ ਛੂਹਣ ਅਤੇ ਫੜ੍ਹਨ ਦਿੰਦੇ ਹੋ ਜਦੋਂ ਤੁਸੀਂ ਤਸਵੀਰਾਂ ਵੱਲ ਇਸ਼ਾਰੇ ਕਰਦੇ ਅਤੇ ਉਨ੍ਹਾਂ ਦੇ ਨਾਮ ਦੱਸਦੇ ਹੋ।
- ਤੁਤਲਾ ਕੇ ਗੱਲ ਕਰਨ ਦੀ ਜਗ੍ਹਾ ਅਸਲੀ ਲਫ਼ਜ਼ ਵਰਤਦੇ ਹੋ – ਜਿਵੇਂ "*ਤਾ ਤਾਂ*" ਕਹਿਣ ਦੀ ਜਗ੍ਹਾ "ਲਿਆ, ਮੈਨੂੰ ਦੇ", ਅਤੇ "*ਬਾ ਬਾਂ*" ਕਹਿਣ ਦੀ ਜਗ੍ਹਾ "ਬੋਤਲ"।
- ਉਨ੍ਹਾਂ ਦੀ ਗੱਲ ਸੁਣਨ ਲਈ ਸਮਾਂ ਕੱਢਦੇ ਹੋ – ਉਹ ਚਾਹੁੰਦੇ ਹਨ ਕਿ ਤੁਸੀਂ ਉਨ੍ਹਾਂ ਦੀਆਂ ਸਾਰੀਆਂ ਨਵੀਆਂ ਆਵਾਜ਼ਾਂ, ਲਫ਼ਜ਼ ਅਤੇ ਵਿਚਾਰ ਸੁਣੋਂ।
- ਮੰਨਣ ਲਈ ਉਨ੍ਹਾਂ ਨੂੰ ਸਾਦੀਆਂ ਹਿਦਾਇਤਾਂ ਦਿੰਦੇ ਹੋ – "ਜਾਹ ਆਪਣੀ ਲਾਲ ਜੁੱਤੀ ਲੱਭ ਕੇ ਲਿਆ"।
- ਉਨ੍ਹਾਂ ਨਾਲ ਗੱਲ ਕਰਨ ਲੱਗੇ ਬੜੇ ਵੱਖੋ-ਵੱਖਰੇ ਲਫ਼ਜ਼ ਬੋਲਦੇ ਹੋ – ਉਲਟੇ ਲਫ਼ਜ਼ ਜਿਵੇਂ ਉੱਪਰ/ਥੱਲੇ, ਅੰਦਰ/ਬਾਹਰ, ਕਾਰਵਾਈ ਵਾਲੇ ਲਫ਼ਜ਼ ਜਿਵੇਂ "ਦੌੜਨਾ", "ਛਲਕਾਉਣਾ", ਅਤੇ ਵੇਰਵੇਦਾਰ ਲਫ਼ਜ਼ ਜਿਵੇਂ "ਖ਼ੁਸ਼", "ਵੱਡਾ", "ਛੋਟਾ", "ਸਾਫ਼", "ਗੰਦਾ"।
- ਉਨ੍ਹਾਂ ਨੂੰ ਹੋਰਨਾਂ ਬੱਚਿਆਂ ਨਾਲ ਖੇਡਣ ਲਈ ਉਤਸ਼ਾਹਿਤ ਕਰੋ – ਲਾਇਬ੍ਰੇਰੀ, ਪਾਰਕ, ਖੇਡਣ ਦੇ ਗਰੁੱਪਾਂ ਅਤੇ ਪਾਰਕ ਵਿੱਚ।